ਅਰਮਾਨ (ARMAAN)
Vol. 3 | Issue 2 | Apr-Jun 2025
ISSN: 2583-9446 (Online)
Paper Published Id: ARMN030204
Available online at: www.armaan.org.in
DOI: https://doi.org/10.64119/armaan.vol.3.issue2.04

# DARSHAN JOGA DI KATHA VILAKHANTA: ARTHIKTA BNAM MANSIK TNAA (FANIYAR DE PRASANG WICH)

# ਦਰਸ਼ਨ ਜੋਗਾ ਦੀ ਕਥਾ ਵਿਲੱਖਣਤਾ: ਆਰਥਕਤਾ ਬਨਾਮ ਮਾਨਸਿਕ ਤਣਾਅ (ਫਨੀਅਰ ਦੇ ਪ੍ਰਸੰਗ ਵਿੱਚ)

**ਡਾ. ਸੰਦੀਪ ਰਾਣਾ** (Dr Sandeep Rana)
**ਮੁਖੀ ਅਤੇ ਸਹਾਇਕ ਪ੍ਰੋਫ਼ੈਸਰ** (Head and Assistant Professor)
**ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਤਲਵੰਡੀ ਸਾਬੋ (ਪੰਜਾਬ)।**
Email ID: sandeeprana@pbi.ac.in **ਮੋਬਾਈਲ**: +91-98728-87551

**ਸਾਰ (Abstract)**

*ਕਹਾਣੀਕਾਰ ਦਰਸ਼ਨ ਜੋਗਾ ਆਪਣੇ ਵਿਲੱਖਣ ਕਹਾਣੀ ਸਿਰਜਣ ਢੰਗ ਕਾਰਨ ਸਾਹਿਤਕ ਖੇਤਰ ਵਿੱਚ ਸਥਾਪਤ ਨਾਮ ਬਣ ਚੁੱਕਾ ਹੈ। ਉਸ ਦਾ ਕਥਾ ਸੰਸਾਰ ਪੇਂਡੂ-ਸ਼ਹਿਰੀ ਲੋਕਾਂ ਦੇ ਸਮਾਜਿਕ ਮਸਲਿਆਂ, ਮਾਨਸਿਕ ਦਵੰਦਾਂ ਤੇ ਆਰਥਿਕ ਸੰਕਟਾਂ ਦੇ ਆਸ ਪਾਸ ਘੁੰਮਦਾ ਹੈ। ਉਸਦੀ ਹਰ ਇਕ ਕਹਾਣੀ ਆਪਣੇ ਆਪ ਵਿੱਚ ਪੂਰਾ ਸੰਸਾਰ ਸਮੋਈ ਬੈਠੀ ਹੈ ਤੇ ਉਸਦੀ ਬਿਰਤਾਂਤ ਸਿਰਜਣ ਦੌਰਾਨ ਕਲਾਤਮਕ ਛੋਹਾਂ ਇਹਨਾਂ ਵਿਸ਼ਿਆਂ ਅਤੇ ਸਰੋਕਾਰਾਂ ਨੂੰ ਉਤਮ ਢੰਗ ਨਾਲ਼ ਪੇਸ਼ ਕਰਦੀਆਂ ਹਨ। ਉਸ ਦੀ ਅਗਲੀ ਕਹਾਣੀ ਪੁਸਤਕ ਫਨੀਅਰ ਦੀਆਂ ਸੱਤ ਕਹਾਣੀਆਂ ਵੱਖਰੇ ਵਿਸ਼ੇ ਪੇਸ਼ ਕਰਦੀਆਂ ਹਨ ਜੋ ਆਰਥਿਕ ਸੰਕਟ ਦੁਆਲੇ ਘੁੰਮਦੇ ਹਨ। ਪਰਿਵਾਰਕ ਸੰਘਰਸ਼ਾਂ ਤੋਂ ਲੈ ਕੇ ਸਮਾਜਕ ਸੰਘਰਸ਼ਾਂ ਤਕ ਕੇਂਦਰ ਵਿੱਚ ਆਰਥਿਕਤਾ ਹੋਣ ਕਾਰਨ ਵਿਸ਼ੇ ਵਕਤੀ ਮਹੱਤਤਾ ਵਾਲੇ ਨਹੀਂ ਸਗੋਂ ਸਮਾਜ ਦੀ ਗੁੰਝਲਦਾਰ ਬਣਤਰ ਨੂੰ ਸਮਝਾਉਂਦੇ ਹਨ। ਕਹਾਣੀਕਾਰ ਦੀ ਵਿਲੱਖਣਤਾ ਉਸ ਦੇ ਸਿਰਜਣ ਢੰਗ ਦੀ ਨਿਪੁੰਨਤਾ ਵਿੱਚ ਹੈ। ਆਧੁਨਿਕਤਾ ਕਾਰਨ ਸਮਾਜ ਦੇ ਨਿਘਾਰ ਅਤੇ ਸ਼ਹਿਰੀਕਰਨ ਕਾਰਨ ਪੰਜਾਬੀ ਲੋਕ ਮਨ 'ਤੇ ਪ੍ਰਭਾਵ ਪਾਉਣ ਵਾਲੀਆਂ ਸਮਾਜਕ ਸਥਿਤੀਆਂ ਦੇ ਬਦਲਾਅ ਨੂੰ ਇਹਨਾਂ ਕਹਾਣੀਆਂ ਵਿੱਚ ਉਹਨਾਂ ਦੇ ਪ੍ਰਭਾਵਾਂ ਸਮੇਤ ਉਸਾਰਿਆ ਗਿਆ ਹੈ। ਨਾਲ਼ ਹੀ ਲੋਕ ਮਨ ਦੇ ਅਵਚੇਤਨ ਵਿੱਚ ਕੰਮ ਕਰ ਰਹੀ ਮਾਨਸਿਕਤਾ ਦੀ ਇਹਨਾਂ ਬਦਲਾਵਾਂ ਨਾਲ਼ ਚੱਲ ਰਹੀ ਖਿੱਚ-ਤਾਣ ਨੂੰ ਵੀ ਇਹਨਾਂ ਕਹਾਣੀਆਂ ਰਾਹੀਂ ਮੰਚ ਮਿਲਿਆ ਹੈ। ਇਸ ਸੰਗ੍ਰਹਿ ਦੀਆਂ ਕਹਾਣੀਆਂ ਵਿੱਚ ਪਾਤਰਾਂ ਦੇ ਮਨੋਵਿਗਿਆਨਕ ਸੰਘਰਸ਼ ਪੂਰੀ ਕਹਾਣੀ ਦੇ ਕਥਾਨਕ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਹ ਕਸ਼ਮਕਸ਼ ਹਰ ਕਹਾਣੀ ਦੇ ਅੰਤ ਤਕ ਕਾਇਮ ਰੱਖਣਾ ਹੀ ਦਰਸ਼ਨ ਜੋਗਾ ਦੀ ਵਿਸ਼ੇਸ਼ਤਾ ਹੈ।*

***ਕੀਵਰਡ (Keyword): ਦਰਸ਼ਨ ਜੋਗਾ, ਜਗਿਆਸਾ, ਫਨੀਅਰ, ਸਪੋਲੀਏ, ਵਿਵੇਕ ਵਿਲੱਖਣਤਾ, ਯੌਣ ਸ਼ੋਸ਼ਣ, ਪਿਛਲਝਾਤ, ਪ੍ਰਤੀਕ।***

ਸਾਹਿਤ ਸਿਰਜਣ ਦੀ ਪ੍ਰਕ੍ਰਿਆ ਵਿੱਚ ਸਭ ਤੋਂ ਮਹੱਤਵਪੂਰਨ ਸਥਾਨ ਸਾਹਿਤਕਾਰ ਦਾ ਅਨੁਭਵ ਰੱਖਦਾ ਹੈ। ਲੇਖਕ ਦਾ ਨਿੱਜੀ ਅਨੁਭਵ ਉਸਦੀ ਰਚਨਾ ਨੂੰ ਪ੍ਰਮਾਣਿਕਤਾ ਅਤੇ ਡੂੰਘਾਈ ਪ੍ਰਦਾਨ ਕਰਦਾ ਹੈ। ਸਾਹਿਤ ਵਿੱਚ ਲੇਖਕ ਆਪਣੇ ਨਿੱਜੀ ਜੀਵਨ, ਸਮਾਜਿਕ ਵਾਤਾਵਰਣ, ਸਭਿਆਚਾਰਕ ਪਰਿਵੇਸ਼ ਤੋਂ ਪ੍ਰਾਪਤ ਅਨੁਭਵਾਂ ਨੂੰ ਸ਼ਬਦਾਂ ਰਾਹੀਂ ਪ੍ਰਗਟਾਉਂਦਾ ਹੈ। ਜੇ ਅਨੁਭਵ ਸਾਹਿਤ ਦਾ ਪ੍ਰਾਣ-ਤੱਤ ਹੈ ਤਾਂ ਪ੍ਰਗਟਾਉ ਦੀ ਵਿਲੱਖਣਤਾ ਇਸ ਨੂੰ ਸਾਹਿਤਕਤਾ ਪ੍ਰਦਾਨ ਕਰਦੀ ਹੈ। ਇਸੇ ਲਈ ਸਾਹਿਤਕਾਰ ਆਪਣੇ ਵਿਸ਼ੈ-ਵਸਤੂ ਨੂੰ ਉੱਤਮ ਅਤੇ ਆਕਰਸ਼ਕ ਢੰਗ ਨਾਲ਼ ਪੇਸ਼ ਕਰਦਾ ਹੈ। ਪੇਸ਼ਕਾਰੀ ਦੀ ਇਸੇ ਵਿਸ਼ੇਸ਼ਤਾ ਨੂੰ ਸ਼ੈਲੀ ਕਿਹਾ ਜਾਂਦਾ ਹੈ। ਇਹ ਸੱਚ ਹੈ ਕਿ ਜਦੋਂ ਸਾਹਿਤ ਅਧਿਐਨ ਵਿੱਚ ਸਾਹਿਤਕ ਕ੍ਰਿਤ ਨੂੰ ਇਕ ਕਲਾ ਵਜੋਂ ਪਰਖਿਆ ਜਾਵੇ ਤਾਂ ਸ਼ੈਲੀ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਇਹ ਵਿਚਾਰ-ਵਿਧਾਨ ਤੇ ਸ਼ਬਦ-ਵਿਧਾਨ ਦਾ ਸੁਚੱਜਾ ਮੇਲ ਹੈ। ਥਾਮਸ ਡੀ ਕਵੀਂਨਸੀ ਦੇ ਸ਼ਬਦਾਂ ਵਿੱਚ:

*ਆਧੁਨਿਕ ਅਰਥਾਂ ਵਿੱਚ ਸ਼ੈਲੀ ਸਾਹਿਤ ਬਣਤਰ ਦਾ ਸਿਧਾਂਤ ਹੈ। ਇਸ*

©ਅਰਮਾਨ (ARMAAN)
Received: 06 May 2025 Accepted: 03 June 2025 Published: 13 June 2025

*ਅਧੀਨ ਵਾਕ ਇਸ ਢੰਗ ਨਾਲ਼ ਬਣਾਏ ਜਾਂਦੇ ਹਨ ਕਿ ਲੇਖਕ ਦੇ ਮਨ ਦੇ ਭਾਵਾਂ ਦੀ ਤਰਜਮਾਨੀ ਕਰ ਸਕਣ।" [1]*

ਇਸ ਢੰਗ ਦੇ ਭਾਸ਼ਾਈ ਗੁਣਾਂ ਕਾਰਨ ਲੇਖਕ ਦੀਆਂ ਸਾਹਿਤਕ ਕਲਾਵਾਂ, ਭਾਵਨਾਵਾਂ ਜਾਂ ਵਿਚਾਰਾਂ ਨੂੰ ਸੰਚਾਰ ਪ੍ਰਦਾਨ ਹੁੰਦਾ ਹੈ। ਇਹ ਲੇਖਕ ਦੀ ਸਾਹਿਤ ਸਿਰਜਣ ਪ੍ਰਕ੍ਰਿਆ ਦਾ ਵਿਸ਼ੇਸ਼ ਅਤੇ ਵਿਲੱਖਣ ਗੁਣ ਉਸ ਸਮੇਂ ਬਣਦਾ ਹੈ ਜਦੋਂ ਇਸ ਦਾ ਸਬੰਧ ਸਾਹਿਤ-ਸਿਰਜਣ ਦੇ ਕਲਾਤਮਕ ਪੱਖ ਨਾਲ਼ ਜੁੜਦਾ ਹੈ। ਅਨੁਭਵ ਭਾਵੇਂ ਨਿੱਜੀ ਹੋਵੇ ਜਾਂ ਜਨਤਕ ਲੇਖਕ ਦੀ ਸ਼ੈਲੀ ਉਸਨੂੰ ਸਰਵਵਿਆਪਕ ਬਣਾਉਂਦੀ ਹੈ। ਪੰਜਾਬੀ ਸਾਹਿਤ ਵਿੱਚ ਅਨੁਭਵ ਦੀ ਸੱਚਾਈ ਨੂੰ ਨਵੀਨ ਸ਼ੈਲੀ ਰਾਹੀਂ ਪੇਸ਼ ਕਰਨ ਦੀ ਪਰੰਪਰਾ ਰਹੀ ਹੈ। ਇਸ ਤੋਂ ਇਹ ਸਮਝਿਆ ਜਾ ਸਕਦਾ ਹੈ ਕਿ ਜਦੋਂ ਲੇਖਕ ਆਪਣੇ ਨਿੱਜੀ ਅਨੁਭਵਾਂ ਨੂੰ ਕਲਾਤਮਕ ਸ਼ੈਲੀ ਵਿੱਚ ਪੇਸ਼ ਕਰਦਾ ਹੈ, ਤਾਂ ਉਹ ਅਨੁਭਵ ਸਿਰਫ਼ ਉਸਦਾ ਨਹੀਂ ਰਹਿੰਦਾ, ਸਗੋਂ ਪਾਠਕਾਂ ਦਾ ਵੀ ਹੋ ਜਾਂਦਾ ਹੈ।

ਦਰਸ਼ਨ ਜੋਗਾ ਪੰਜਾਬੀ ਜਨਜੀਵਨ ਦੇ ਯਥਾਰਥ ਬਾਰੇ ਬਿਰਤਾਂਤ ਸਿਰਜਣ ਵਾਲਾ ਕਹਾਣੀਕਾਰ ਹੈ। ਪੰਜਾਬੀ ਸਾਹਿਤ ਨੂੰ ਦੋ ਚਰਚਿਤ ਕਹਾਣੀ-ਸੰਗ੍ਰਹਿ "ਨਮਸਕਾਰ" ਅਤੇ "ਮੁੱਕਦੀ ਗੱਲ" ਦੇ ਕੇ ਉਹ ਇਸ ਖੇਤਰ ਵਿੱਚ ਨਾ ਸਿਰਫ ਸਥਾਪਿਤ ਹੋ ਚੁੱਕਾ ਹੈ ਬਲਕਿ ਆਪਣੇ ਵਿਲੱਖਣ ਸਿਰਜਣ ਢੰਗ ਅਤੇ ਅਸਰ-ਅੰਦਾਜ ਕਥਾਨਕ ਕਾਰਨ ਇੱਕ ਮਿਆਰੀ ਪਹਿਚਾਣ ਸਥਾਪਿਤ ਕਰ ਚੁੱਕਾ ਹੈ। ਉਸ ਦਾ ਗਲਪ ਜਗਤ ਪੇਂਡੂ-ਸ਼ਹਿਰੀ ਲੋਕਾਂ ਦੇ ਸਮਾਜਿਕ ਮਸਲਿਆਂ, ਮਾਨਸਿਕ ਦੁਵਿਧਾਵਾਂ ਤੇ ਆਰਥਿਕ ਸੰਕਟਾਂ ਦੀ ਬਾਤ ਪਾਉਂਦਾ ਹੈ। ਉਸ ਦੀ ਵਿਲੱਖਣਤਾ ਉਸਦੇ ਕਥਾਨਕ ਉਸਾਰਣ ਢੰਗ ਵਿੱਚ ਹੈ, ਉਸਦੇ ਪਾਤਰ ਚਿਤਰਨ ਤਕਨੀਕ ਵਿੱਚ ਹੈ, ਉਸ ਦੁਆਰਾ ਕਥਾ ਭਾਸ਼ਾ ਦੀ ਵਰਤੋਂ ਵਿੱਚ ਹੈ ਅਤੇ ਇਥੋਂ ਤਕ ਕਿ ਕਹਾਣੀ ਨੂੰ ਸਿਖ਼ਰ 'ਤੇ ਪਹੁੰਚਾ ਪਾਠਕ ਨੂੰ ਪੂਰੀ ਉਤਸੁਕਤਾ ਸਮੇਤ ਕਹਾਣੀ ਦੇ ਅੰਤ ਵੱਲ ਲੈ ਜਾਣ ਵਿੱਚ ਹੈ। ਉਹ ਜਦੋਂ ਵਾਸਤਵਿਕ ਦੁਨੀਆਂ ਦੇ ਵਿਅਕਤੀਆਂ ਤੋਂ ਅਨੁਭਵ ਇਕੱਠੇ ਕਰਕੇ ਆਪਣੇ ਗਲਪ ਜਗਤ ਦੇ ਵਿਚਲੇ ਪਾਤਰ ਘੜਦਾ ਹੈ ਤਾਂ ਉਹ ਪਾਠਕ ਨੂੰ ਅੱਖੀਂ ਵੇਖੇ ਵਿਅਕਤੀ ਹੀ ਲੱਗਦੇ ਹਨ।

ਦਰਸ਼ਨ ਜੋਗਾ ਦਾ ਨਵਾਂ ਕਹਾਣੀ-ਸੰਗ੍ਰਹਿ "ਫਨੀਅਰ" ਹੈ ਜੋ ਉਸਦੇ ਪਹਿਲੇ ਦੋਵਾਂ ਕਹਾਣੀ-ਸੰਗ੍ਰਹਿ ਵਾਂਗ ਉਸ ਦੀ ਉੱਚ ਕੋਟੀ ਦੀ ਬਿਰਤਾਂਤ ਕਲਾ ਤੇ ਵਿਲੱਖਣ ਸ਼ੈਲੀ ਦੀ ਹਾਮੀ ਭਰਦਾ ਹੈ। ਉਸ ਦੀ ਵਿਲੱਖਣਤਾ ਦੀ ਪਹਿਲੀ ਝਲਕ ਉਸ ਦੇ ਉਤਮ ਪੁਰਖੀ ਬਿਰਤਾਂਤ ਵਿੱਚ ਦਿਸਦੀ ਹੈ ਜਦ ਉਹ ਇਸ ਸਿਰਜਣਾ ਸਮੇਂ ਪਾਤਰ ਦੇ ਰੂਪ ਵਿੱਚ ਆਪ ਹੀ ਢਲ ਜਾਣ ਦੀ ਪਰੰਪਰਾ ਕਾਇਮ ਰੱਖਦਾ ਹੈ, ਇਸੇ ਲਈ ਇਸ ਸੰਗ੍ਰਹਿ ਦੀਆਂ ਸਾਰੀਆਂ ਕਹਾਣੀਆਂ ਰਚਦਾ ਉਹ ਸਟਰੀਮ ਆਫ਼ ਕਾਨਸ਼ੀਅਸਨੈਸ (ਚੇਤਨਾ ਦੀ ਧਾਰਾ) ਅਧੀਨ ਮਨੋਬਚਨੀ ਤਕਨੀਕ ਰਾਹੀਂ ਪਾਠਕ ਨੂੰ ਵੀ ਉਸੇ ਰੰਗ ਵਿੱਚ ਢਾਲ ਲੈਂਦਾ ਹੈ। ਪਹਿਲਾਂ ਰਚੀਆਂ ਕਹਾਣੀਆਂ ਵਾਂਗ ਹੀ ਇਹਨਾਂ ਕਹਾਣੀਆਂ ਵਿੱਚ ਸਸਪੈਂਸ ਸਿਰਜ ਕੇ ਕਹਾਣੀ ਰਸ ਅੰਤ ਤੱਕ ਕਾਇਮ ਰੱਖਣ ਦੀ ਉਸ ਦੀ ਵਿਲੱਖਣਤਾ ਇਸ ਸੰਗ੍ਰਹਿ ਵਿੱਚ ਵੀ ਬਰਕਰਾਰ ਰਹਿੰਦੀ ਹੈ। ਇਸ ਪੁਸਤਕ ਵਿੱਚ ਸੱਤ ਕਹਾਣੀਆਂ ਵੱਖਰੇ ਵਿਸ਼ੇ ਪੇਸ਼ ਕਰਦੀਆਂ ਹਨ ਅਤੇ ਇਹਨਾਂ ਸਾਰੀਆਂ ਕਹਾਣੀਆਂ ਵਿੱਚ ਆਰਥਿਕ ਸੰਕਟ ਦਾ ਕਾਰਕ ਇਸ ਢੰਗ ਨਾਲ਼ ਕੰਮ ਕਰਦਾ ਹੈ ਕਿ ਪਰਿਵਾਰਕ ਸੰਘਰਸ਼ਾਂ ਤੋਂ ਲੈ ਕੇ ਸਮਾਜਕ ਸੰਘਰਸ਼ਾਂ ਦੀ ਜੜ੍ਹ ਉਸ ਨਾਲ਼ ਹੀ ਜਾ ਜੁੜਦੀ ਹੈ। ਇਸੇ ਕਾਰਨ ਤਣਾਅ ਦੇ ਮਾਹੌਲ ਵਿੱਚ ਚਰਿਤਰ ਦੁਸ਼ਵਾਰ ਹਾਲਤਾਂ ਵਿੱਚ ਫਸੇ ਨਜ਼ਰ ਆਉਂਦੇ ਹਨ ਅਤੇ ਸੰਕਟਕਾਲ ਨੂੰ ਨਜਿੱਠਣ ਲਈ ਅਣ-ਆਦਰਸ਼ਕ ਢੰਗ ਵਰਤਦੇ ਹਨ। ਪਾਤਰਾਂ ਦੇ ਮਾਨਸਿਕ ਦਵੰਦ ਪੂਰੀ ਕਹਾਣੀ ਦੇ ਕਥਾਨਕ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਇਹ ਕਸ਼ਮਕਸ਼ ਹਰ ਕਹਾਣੀ ਦੇ ਅੰਤ ਤਕ ਕਾਇਮ ਰੱਖਣਾ ਹੀ ਦਰਸ਼ਨ ਜੋਗਾ ਦੀ ਵਿਸ਼ੇਸ਼ਤਾ ਹੈ। ਕਹਾਣੀਕਾਰ ਦੀ ਵਿਸ਼ੇਸ਼ਤਾ ਇਹਨਾਂ ਕਹਾਣੀਆਂ ਦੇ ਸੰਵਾਦਾਂ ਵਿੱਚ ਵੀ ਨਜ਼ਰ ਆਉਂਦੀ ਹੈ ਕਿਉਂਕਿ ਇਹ ਸੰਵਾਦ ਇਲਾਕਾਈ ਉਪਬੋਲੀ ਵਿੱਚ ਹੀ ਸ਼ਾਮਲ ਕੀਤੇ ਗਏ ਹਨ। ਜਿਵੇਂ-

*"ਹਾਂ... ਹਾਂ... ਤੁਹਾਨੂੰ ਮੀਡੀਏ ਵਾਲਿਆਂ ਨੂੰ ਇਸ ਤਰ੍ਹਾਂ ਦੇ ਨੁਕਤੇ ਬਹੁਤ ਫੁਰਦੇ ਨੇ। ਇਨ੍ਹਾਂ ਗੁਰਾਂ ਨਾਲ ਤਾਂ ਗੱਲਾਂ ਕਢਵਾ ਲੈਨੇ ਓਂ... ਕੱਚ ਖਾ ਕੇ ਵੀ ਹਜ਼ਮ ਕਰਨ ਵਾਲੇ ਲੋਕਾਂ ਦੇ ਅੰਦਰੋਂ।" ਮੈਂ ਆਪਣੇ ਅੰਦਰ ਚਲਦੀ ਚੱਕੀ 'ਚੋਂ ਸਹਿਜ ਹੋਣ ਦੀ ਕੋਸ਼ਿਸ਼ ਕਰਦਾਂ। [2]*

ਇਸ ਢੰਗ ਨਾਲ਼ ਇਲਾਕਾਈ ਬੋਲੀ ਪਾਠਕ ਦੇ ਮਨ 'ਤੇ ਵੱਖਰਾ ਹੀ ਅਸਰ ਕਰਦੀ ਹੈ ਜਿਸ ਕਾਰਨ ਪਾਠਕ ਦੀ ਦਿਲਚਸਪੀ ਕਹਾਣੀ ਵਿੱਚ ਵੱਧਦੀ ਹੈ। ਹੱਥਲੇ ਪੱਤਰ ਵਿੱਚ ਕਹਾਣੀਕਾਰ ਦੀ ਵਿਲੱਖਣਤਾ ਦੇ ਨਾਲ਼ ਨਾਲ਼ ਇਹਨਾਂ ਕਹਾਣੀਆਂ ਦੇ ਕੇਂਦਰ ਵਿੱਚ ਕੰਮ ਕਰ ਰਹੀ ਆਰਥਿਕਤਾ ਦੀ ਨਿਸ਼ਾਨਦੇਹੀ ਵੀ ਕੀਤੀ ਜਾਵੇਗੀ।

ਕਹਾਣੀਆਂ ਦੀ ਪੜ੍ਹਤ ਵੱਲ ਵੱਧਦਿਆਂ ਇਹ ਗੱਲ ਸਾਫ਼ ਹੁੰਦੀ ਹੈ ਕਿ ਕਹਾਣੀਕਾਰ ਦਰਸ਼ਨ ਜੋਗਾ ਦਾ ਕਹਾਣੀ ਲਿਖਣ ਦਾ ਇੱਕ ਖ਼ਾਸ ਪੈਟਰਨ ਹੈ ਜਿਸ ਅਨੁਸਾਰ ਉਹ ਇੱਕ ਸ਼ੁਰੂਆਤੀ ਸੰਵਾਦ ਜਾਂ ਮੈਂ-ਪਾਤਰ ਦੀ ਮਨੋਬਚਨੀ ਦੀ ਇੱਕ ਸ਼ੁਰੂਆਤੀ ਸਤਰ ਨਾਲ ਪਾਠਕ ਦੇ ਜ਼ਿਹਨ ਨੂੰ ਟੁੰਬਦਾ ਹੈ, ਜਗਿਆਸਾ ਵਧਾਉਂਦਾ ਹੈ ਅਤੇ ਉਤਸੁਕਤਾ ਪੈਦਾ ਕਰਦਾ ਹੈ। ਇਸੇ ਆਲਮ ਵਿੱਚ ਉਹ ਅਛੋਪਲੇ ਪਾਠਕ ਨੂੰ ਆਪਣੇ ਗਲਪ ਜਗਤ ਵਿੱਚ ਦਾਖ਼ਲ ਕਰਵਾਉਂਦਾ ਹੈ ਅਤੇ ਅਗਲੇ ਪਾਸਾਰਾਂ ਵਿੱਚ ਉਹ ਕਥਾਨਕ ਸਿਰਜਦਾ ਹੋਇਆ ਪਾਠਕ ਨੂੰ ਨਾਲ਼

ਤੋਰੀ ਰੱਖਦਾ ਹੈ। ਉਹ ਇਸ ਉਤਸੁਕਤਾ ਨੂੰ ਯਕਦਮ ਖ਼ਤਮ ਕਰਨ ਦੀ ਬਜਾਇ ਵੱਖਰੇ ਪਾਸਾਰਾਂ ਵਿੱਚ ਜਗਿਆਸਾ ਨੂੰ ਹੋਰ ਵਧਾਉਂਦਾ ਜਾਂਦਾ ਹੈ, ਪਾਠਕ ਵੀ ਉਸੇ ਰੌਂਅ ਵਿੱਚ ਉਸਦੇ ਗਲਪ ਜਗਤ ਦੇ ਹਰ ਸਰੋਕਾਰ ਨੂੰ ਸਮਝਦਾ ਨਾਲ ਤੁਰਿਆ ਜਾਂਦਾ ਹੈ। ਪਾਠਕ ਪਾਤਰਾਂ ਨਾਲ ਜਾਣ ਪਛਾਣ ਕਰਦਿਆਂ ਪਾਤਰਾਂ ਦੇ ਵਿਹਾਰ ਸਬੰਧੀ ਮਨੋਵਿਸ਼ਲੇਸ਼ਣ ਢੰਗ ਨਾਲ ਸਮਝ ਕੇ ਜਗਿਆਸਾ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦਾ ਹੈ ਪਰ ਇਹ ਜਗਿਆਸਾ ਕਹਾਣੀ ਦੇ ਅੰਤ ’ਤੇ ਅਰਥਾਤ ਕਲਾਈਮੈਕਸ ਤੋਂ ਬਾਅਦ ਹੀ ਖ਼ਤਮ ਹੁੰਦੀ ਹੈ। ਉਸ ਸਮੇਂ ਵੀ ਇਹ ਜਗਿਆਸਾ ਤਾਂ ਖ਼ਤਮ ਹੋ ਜਾਂਦੀ ਹੈ ਪਰ ਉਸ ਕਹਾਣੀ ਦਾ ਅੰਜਾਮ ਪਾਠਕ ਨੂੰ ਅੰਦਰ ਤੱਕ ਝੰਜੋੜ ਦਿੰਦਾ ਹੈ ਅਤੇ ਉਸੇ ਹਾਲਤ ਵਿੱਚ ਬੈਠਾ ਉਸ ਬਾਰੇ ਸੋਚਦਾ ਹੀ ਰਹਿ ਜਾਂਦਾ ਹੈ। ਪਹਿਲੀ ਕਹਾਣੀ ‘ਕੁਛ ਨੀਂ ਹੁੰਦਾ’ ਨੂੰ ਕਹਾਣੀਕਾਰ ਇਸ ਸੰਵਾਦ ਨਾਲ ਸ਼ੁਰੂ ਕਰਦਾ ਹੈ-

*"ਕੁਝ ਨਹੀਂ ਹੁੰਦਾ..." ਇਸ ਫਿਕਰ ਨੇ ਮੇਰਾ ਅੰਦਰ ਮੱਚਣ ਲਾਤਾ।* [3]

ਇਹਨਾਂ ਤਿੰਨ ਸ਼ਬਦਾਂ ਨਾਲ ਉਹ ਪਾਠਕ ਦੇ ਜ਼ਿਹਨ ਅੰਦਰ ਕਈ ਸਵਾਲ ਜਗਾ ਦਿੰਦਾ ਹੈ। ਕਹਾਣੀ ਦਾ ਅਗਲਾ ਵਿਸਥਾਰ ਇਹਨਾਂ ਸਵਾਲਾਂ ਦੇ ਉੱਤਰ ਨਹੀਂ ਦਿੰਦਾ ਸਗੋਂ ਪਾਠਕ ਦੀ ਜਗਿਆਸਾ ਨੂੰ ਵਧਾਉਂਦਾ ਹੈ। ਖ਼ਾਨਦਾਨੀ ਰਵਾਇਤਾਂ, ਜਗੀਰੂ ਮਾਨਸਿਕਤਾ, ਪੀੜ੍ਹੀ ਪਾੜਾ ਅਤੇ ਜਾਤੀਵਾਦੀ ਸੰਕੀਰਣ ਸੋਚ ਦੇ ਪ੍ਰਭਾਵ ਹੇਠ ਮੈਂ ਪਾਤਰ ਭਵਿੱਖ ਦੇ ਆਰਥਕ ਸੰਕਟ ਬਾਰੇ ਚਿੰਤਤ ਹੁੰਦਾ ਹੈ ਅਤੇ ਅੰਤ ਤਕ ਪੁੱਜਦਿਆਂ ਇਸ ਕਹਾਣੀ ਦੇ ਪਹਿਲੇ ਸੰਵਾਦਾਂ ਦੇ ਮਾਅਨੇ ਬਿਲਕੁਲ ਹੀ ਬਦਲ ਜਾਂਦੇ ਹਨ। ਕਹਾਣੀਕਾਰ ਦੀ ਬਿਰਤਾਂਤਕ ਜੁਗਤ ਦੀ ਵਿਲੱਖਣਤਾ ਇਸ ਸ਼ੁਰੂਆਤੀ ਸੰਵਾਦ ਤੋਂ ਸ਼ੁਰੂ ਹੁੰਦੀ ਹੈ ਅਤੇ ਇਸ ਇਕ ਹੀ ਸੰਵਾਦ ਨਾਲ਼ ਮੈਂ ਪਾਤਰ ਦੇ ਮਨ ਨੂੰ ਜਾਣਨ ਦਾ ਉਤਸੁਕਤ ਪਾਠਕ ਬਿਆਨਮੂਲਕ ਬਿਰਤਾਂਤ ਨਾਲ਼ ਕਹਾਣੀ ਵਿਚਲੇ ਓਹਲਿਆਂ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਦਾ ਹੈ। ਬਿਰਤਾਂਤਕ ਕਥਾ ਜੁਗਤ ਵਜੋਂ ਮਲਵਈ ਭਾਸ਼ਾ, ਲੋੜ ਅਨੁਸਾਰ ਮੁਹਾਵਰੇ ਅਤੇ ਪ੍ਰਤੀਕਾਂ ਦੀ ਮਦਦ ਨਾਲ਼ ਸਿਰਜੇ ਕਥਾ ਬਿੰਬ ਪਾਠਕ ਦੇ ਮਨ ਵਿੱਚ ਤਰਸ, ਆਦਰ ਅਤੇ ਪਿਆਰ ਦੇ ਭਾਵਾਂ ਤੋਂ ਅੱਗੇ ਵੱਧ ਨਫ਼ਰਤ ਅਤੇ ਬਦਲਾ ਲੈਣ ਦੇ ਭਾਵਾਂ ਨੂੰ ਜਾਗ੍ਰਤ ਕਰਦੇ ਹਨ। ਇਸ ਢੰਗ ਨਾਲ਼ ਚਿੰਨ੍ਹਾਤਮਕ ਪਰ ਚੁਸਤ ਤੇ ਸੰਖੇਪ ਵਾਰਤਾਲਾਪ ਪਾਤਰਾਂ ਦੀ ਮਾਨਸਿਕਤਾ ਦਾ ਪ੍ਰਗਟਾਅ ਸਿੱਧ ਹੁੰਦੇ ਹਨ।

ਕਹਾਣੀ ‘ਅੰਬਰੀ ਆਂਡਾ’ ਪ੍ਰਤੀਕਾਤਮਕ ਢੰਗ ਨਾਲ਼ ਇੱਕ ਯੌਣ ਸ਼ੋਸ਼ਣ ਦਾ ਸ਼ਿਕਾਰ ਹੋਏ ਬੱਚੇ ਦੀ ਮਾਨਸਿਕ ਸਥਿਤੀ ਨੂੰ ਦਰਸਾਉਂਦੀ ਹੈ ਤੇ ਸਮਾਜ ਦੀ ਸੰਵੇਦਨਸ਼ੀਲਤਾ ’ਤੇ ਡੂੰਘੀ ਸੱਟ ਮਾਰਦੀ ਹੈ। ਉਸ ਮਾਂ ਪਿਓ ਤੋਂ ਬਿਨਾਂ ਭੂਆ ਘਰ ਪਲ ਰਹੇ ਬੱਚੇ ਨੂੰ ਇਸ ਘਿਣਾਉਣੇ ਅਪਰਾਧ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਸ ਹਾਦਸੇ ਦੇ ਸਦਮੇ ਕਾਰਨ ਬੱਚਾ ਆਪਣੇ ਆਪ ਵਿੱਚ ਸਿਮਟ ਜਾਂਦਾ ਹੈ। ਕਹਾਣੀਕਾਰ ਨੇ **ਅੰਬਰੀ ਆਂਡਾ** ਪ੍ਰਤੀਕ ਵਰਤ ਕੇ ਅਜਿਹੇ ਅਪਰਾਧਾਂ ਨੂੰ ਚੁੱਪ ਚਾਪ ਸਹਿਣ ਦਾ ਕਾਰਨ ਉਸ ਲਾਲਚ ਨੂੰ ਦੱਸਿਆ ਹੈ ਜਿਸ ਅਧੀਨ ਜਾਇਦਾਦ ਦੇ ਖੁੱਸਣ ਦਾ ਡਰ ਕੰਮ ਕਰਦਾ ਹੈ। ਮੈਂ ਪਾਤਰ ਦੇ ਸਹੁਰੇ ਕੋਲ ਧਰਮ ਦੇ ਨਾਂ ’ਤੇ ਵੱਖ ਵੱਖ ਔਰਤਾਂ ਦਾ ਆਉਣਾ, ਕੰਮ ਕਰਨ ਆਈ ਗੁੱਡੀ ’ਤੇ ਬੁਰੀ ਨਜ਼ਰ ਰੱਖਣਾ ਅਤੇ ਇਸ ਸਭ ਦੇ ਬਾਵਜੂਦ ਮੈਂ ਪਾਤਰ ਦੇ ਪਤੀ ਅਮਨ ਦਾ ਚੁੱਪ ਰਹਿਣਾ ਵਰਗੇ ਗਲਪੀ ਵੇਰਵਿਆਂ ਵਿੱਚ ਪਾਤਰਾਂ ਦਾ ਸੁਭਾਅ ਤੇ ਉਹਨਾਂ ਦੀ ਅਸਲੀਅਤ ਦੱਸ ਕਹਾਣੀਕਾਰ ਪਾਠਕ ਦੇ ਵਿਚਾਰਾਂ ਉਪਰ ਵੀ ਕਾਬਜ਼ ਹੋ ਜਾਂਦਾ ਹੈ ਅਤੇ ਕਹਾਣੀ ਦੇ ਸਿਖ਼ਰ ’ਤੇ ਪਹੁੰਚਦਿਆਂ ਮਾਨਸਿਕ ਤਣਾਅ ਵੀ ਸਿਰੇ ’ਤੇ ਜਾ ਪੁੱਜਦਾ ਹੈ। ਅੰਤ ਵਿੱਚ ਮੈਂ-ਪਾਤਰ ਵੱਲੋਂ ਆਪਣੇ ਸਹੁਰੇ ’ਤੇ ਕੇਸ ਕਰਨ ਦਾ ਅਹਿਦ ਅੰਬਰੀ ਆਂਡੇ ’ਚ ਤਰੇੜ ਬਣ ਪਾਠਕ ਦੇ ਮਨ ਵਿੱਚੋਂ ਤਣਾਅ ਖ਼ਤਮ ਕਰਨ ਦਾ ਸਬੱਬ ਬਣਦਾ ਹੈ।

ਕਹਾਣੀ ‘ਲਕੀਰ’ ਵਸਤੂਵਾਦੀ ਦੌਰ ਵਿੱਚ ਉਪਭੋਗੀ ਇੱਛਾਵਾਂ ਵਿਅਕਤੀ ’ਤੇ ਭਾਰੂ ਹੋ ਜਾਣ ਅਤੇ ਰਿਸ਼ਤਿਆਂ ਵਿਚਲੀ ਨੈਤਿਕਤਾ ਖ਼ਤਮ ਹੋ ਜਾਣ ਦੀ ਕਹਾਣੀ ਹੈ। ਇਸ ਵਿੱਚ ਮੈਂ-ਪਾਤਰ ਦੇ ਮਾਨਸਿਕ ਤਣਾਅ ਦਾ ਕਾਰਨ ਉਸ ਦੀ ਨੂੰਹ ਦੀ ਆਧੁਨਿਕ ਬਣਨ ਦੀ ਆਜ਼ਾਦੀ ਅਤੇ ਵਿਆਹ ਬਾਹਰਲੇ ਸਬੰਧ ਬਣਦੇ ਹਨ। ਕਹਾਣੀਕਾਰ ਨੇ ਇਸ ਅਖੌਤੀ ਆਜ਼ਾਦੀ ਵਿਚਲੇ ਖੋਖਲੇਪਨ ਨੂੰ ਕਹਾਣੀ ਦੇ ਕੇਂਦਰ ਬਿੰਦੂ ਵੱਜੋਂ ਪੇਸ਼ ਕੀਤਾ ਹੈ। ਵਿਆਹ ਬਾਹਰਲੇ ਸਬੰਧਾਂ ਕਾਰਨ ਘਰ ਟੁੱਟਣੇ ਅਤੇ ਇਸੇ ਮਾਨਸਿਕ ਤਣਾਅ ਵਿੱਚ ਆਪਣੇ ਆਪ ਨੂੰ ਮਾਰ ਮੁਕਾਉਣਾ ਵਰਗੇ ਗਲਪੀ ਬਿੰਬਾਂ ਵਰਤ ਕੇ ਕਹਾਣੀਕਾਰ ਗ਼ੈਰਤ ਭਰੇ ਪੰਜਾਬੀ ਮਨੁੱਖ ਦੀ ਨਿਸ਼ਾਨਦੇਹੀ ਕਰਦਾ ਹੈ। ਇਸ ਦੇ ਉਲਟ ਜਿਨਸੀ ਲੋੜਾਂ ਨੂੰ ਪੂਰੀਆਂ ਕਰਨ ਹਿੱਤ ਵਿਅਕਤੀਵਾਦੀ ਯੁੱਗ ਦੇ ਅਜਿਹੇ ਵਤੀਰੇ ਵੇਲੇ ਖ਼ਾਨਦਾਨੀ ਨਾਮ, ਪਾਲਣ-ਪੋਸ਼ਣ ਅਤੇ ਨਾਮ ਦੇ ਆਧਾਰ ’ਤੇ ਸੁਭਾਅ ਮਿੱਥਣ ਵਰਗੀਆਂ ਰਵਾਇਤੀ ਮਨੌਤਾਂ ਵੀ ਖੂਹ ਖਾਤੇ ਪੈ ਜਾਂਦੀਆਂ ਹਨ। ਕਹਾਣੀ ਵਿੱਚ ਮੈਂ-ਪਾਤਰ ਨੂੰਹ ਦੇ ਅਜਿਹੇ ਰਵਈਏ ਦੇ ਚਲਦਿਆਂ ਆਪਣਾ ਪੁੱਤ ਗਵਾ ਦਿੰਦਾ ਹੈ, ਪੋਤੇ ਨੂੰ ਮਿਲਣ ਨੂੰ ਤਰਸਦਾ ਹੈ ਤੇ ਹੁਣ ਉਹ ਨੂੰਹ ’ਤੇ ਕਾਨੂੰਨੀ ਕਾਰਵਾਈ ਕਰਨਾ ਚਾਹੁੰਦਾ ਹੈ ਪਰ ਉਸਦੇ ਪੋਤੇ ਦੇ ਪਿਆਰ ਅਤੇ ਉਸ ਦੇ ਪਰਿਵਾਰ ਦਾ ਇਕਲੌਤਾ ਵਾਰਸ ਹੋਣ ਕਾਰਨ ਉਹ ਪ੍ਰਤੀਕ ਵਜੋਂ ਖਿੱਚੀ ਲਕੀਰ ਤੋਂ ਆਪ ਹੀ ਪਿੱਛੇ ਹੱਟ ਜਾਂਦਾ ਹੈ।

ਇਸ ਸੰਗ੍ਰਹਿ ਦੀ ਇੱਕ ਹੋਰ ਕਹਾਣੀ ‘ਸਿੱਧੀਆਂ ਧਾਰਾਂ’ ਉਸ ਵਿਸ਼ੇ ਨੂੰ ਲੈ

ਕੇ ਲਿਖੀ ਗਈ ਹੈ ਜੋ ਭਾਵੇਂ ਪੰਜਾਬੀ ਸਾਹਿਤ ਲਈ ਨਵਾਂ ਨਹੀਂ ਹੈ, ਇਸ ਤੋਂ ਪਹਿਲਾਂ ਵੀ ਕਈ ਵਿਧਾ ਰੂਪਾਂ ਵਿੱਚ ਨਾਮਵਰ ਸਾਹਿਤਕਾਰਾਂ ਵੱਲੋਂ ਇਸ ਵਿਸ਼ੇ ਨੂੰ ਲੈ ਕੇ ਸਾਹਿਤ ਰਚਿਆ ਗਿਆ ਹੈ। ਪਰ ਦਰਸ਼ਨ ਜੋਗਾ ਦਾ ਬਿਰਤਾਂਤ ਸਿਰਜਣ ਦਾ ਢੰਗ ਅਤੇ ਪੇਸ਼ਕਾਰੀ ਇਸ ਕਹਾਣੀ ਨੂੰ ਵਿਸ਼ੇਸ਼ ਬਣਾਉਂਦੀ ਹੈ। ਇਸ ਕਹਾਣੀ ਵਿੱਚ ਥੁੜਾਂ ਦੀ ਮਾਰੀ ਹਯਾਤੀ ਦੀ ਗੱਲ ਹੋਈ ਹੈ, ਵਿਆਹੇ ਤੇ ਅਣਵਿਆਹੇ ਭਰਾਵਾਂ ਦੀ ਕਸ਼ਮਕਸ਼ ਉਸ ਸਮੇਂ ਦਿਲਚਸਪ ਮੋੜ ਲੈਂਦੀ ਹੈ ਜਦ ਅਣਵਿਆਹੇ ਭਰਾ ਦੀ ਜ਼ਮੀਨ ਜਾਇਦਾਦ ਕੇਂਦਰ ਵਿੱਚ ਆ ਜਾਂਦੀ ਹੈ। ਅਸਲ ਵਿੱਚ ਕਹਾਣੀ ਦੀ ਮੁਖ ਨਾਰੀ ਪਾਤਰ ਆਰਥਿਕ ਸੰਕਟ ਵਿੱਚੋਂ ਨਿਕਲਣ ਲਈ ਆਪਣੇ ਪੁੱਤਰ ਗੈਰੀ ਨੂੰ ਬਾਹਰ ਭੇਜਣਾ ਚਾਹੁੰਦੀ ਹੈ ਅਤੇ ਪੈਸੇ ਦੇ ਜੁਗਾੜ ਲਈ ਕਰਜ਼ਾ ਲੈਣਾ ਮਜ਼ਬੂਰੀ ਬਣ ਜਾਂਦੀ ਹੈ। ਇਸ ਲਈ ਅਣਵਿਆਹੇ ਭਰਾ ਦੀ ਜ਼ਮੀਨ ਕੰਮ ਆ ਸਕਦੀ ਹੈ। ਉਸ ਸਮੇਂ ਇਹ ਨਾਰੀ ਅਣਵਿਆਹੇ ਸਿਧਰੇ ਭਰਾ ਦੀਆਂ ਦੇਹੀ ਲੋੜਾਂ ਪੂਰੀਆਂ ਕਰ ਉਸ ਨੂੰ ਜ਼ਮੀਨ ਦੇਣ ਲਈ ਮਨਾ ਲੈਂਦੀ ਹੈ। ਇਸ ਤੋਂ ਇਲਾਵਾ ਕਿਸਾਨ ਮੋਰਚਾ, ਕਰੋਨਾ ਮਹਾਂਮਾਰੀ ਅਤੇ ਆਇਲਸ ਟੈਸਟ ਪਾਸ ਕਰ ਬਾਹਰ ਸੈਟ ਹੋਣ ਵਰਗੇ ਗਲਪੀ ਬਿੰਬ ਕਹਾਣੀ ਨੂੰ ਵਾਸਤਵਿਕਤਾ ਪ੍ਰਦਾਨ ਕਰਦੇ ਹਨ।

ਕਹਾਣੀਕਾਰ ਨੇ 'ਸਿੱਧੀਆਂ ਧਾਰਾਂ' ਲਫਜ਼ਾਂ ਨਾਲ ਆਪਣੀ ਗੱਲ ਸਮਝਦਾਰ ਪਾਠਕ ਨੂੰ ਸਿੱਧੀ ਹੀ ਸਮਝਾ ਦਿੱਤੀ ਹੈ। ਇਸੇ ਵਿਸ਼ੇ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਇਸ ਸੰਗ੍ਰਹਿ ਦੀ ਕਹਾਣੀ 'ਇੱਕ ਦਰਵਾਜ਼ਾ' ਪੇਸ਼ ਕਰਦੀ ਹੈ। ਇਸ ਵਿੱਚ ਕਹਾਣੀਕਾਰ ਨੇ ਛੋਟੀ ਕਿਰਸਾਣੀ ਵਿੱਚ ਜੂਝ ਰਹੇ ਅਣਹੋਇਆਂ ਦੀ ਗੱਲ ਕੀਤੀ ਹੈ, ਇੱਕ ਔਰਤ ਨੂੰ ਆਪਣਾ ਘਰ ਤੇ ਆਪਣੀ ਔਲਾਦ ਦਾ ਹੱਕ ਸੰਭਾਲਣ ਲਈ ਜਿਹੜੇ ਸਮਝੌਤੇ ਕਰਨੇ ਪੈਂਦੇ ਹਨ ਇਹ ਉਹਨਾਂ ਗੁੱਝੇ ਸਮਝੌਤਿਆਂ ਦਾ ਬਿਰਤਾਂਤ ਹੈ। ਕਹਾਣੀ ਦੀ ਮੈਂ ਪਾਤਰ ਦੀ ਮਨੋਬਚਨੀ ਇਸ ਬੇਵਸੀ ਦੀ ਸਾਰੀ ਗੱਲ ਪਾਠਕ ਨੂੰ ਸਮਝਾ ਦਿੰਦੀ ਹੈ-

*ਕਈ ਵਾਰੀ ਬਿਰਤੀ ਤੁਰਦੀ ਤੁਰਦੀ ਹੋਰ ਵੀ ਪਿਛਾਂਹ ਨੂੰ ਤੁਰ ਜਾਂਦੀ... ਅਸੀਂ ਤਿੰਨ ਭੈਣਾਂ ਸੀ, ਬਾਪੂ ਵਿਚਾਰਾ ਕੱਲਾ ਕਮਾਉਣ ਆਲਾ... ਜਿਉਂ-ਜਿਉਂ ਸਾਡੇ ਜੈਂਪਰਾਂ ਸਲਵਾਰਾਂ ਦੇ ਮੇਚਿਆਂ ਦੀ ਲੰਬਾਈ ਵਧਦੀ ਗਈ... ਬਾਪੂ ਦਾ ਸਰੀਰ ਫ਼ਿਕਰ ਨਾਲ ਪਿਚਕਦਾ ਗਿਆ ਸੀ। ਰੋਜ਼ ਰੋਜ਼ ਦੀ ਭਕਾਈ ਕਰਦੇ ਹਾਰੇ ਹੰਭੇ ਨੇ ਘਰ ਟੋਲ ਲਿਆ, ਜਿਹੋ ਜਿਹਾ ਸਰਿਆ ਕੀਤਾ...। ਮੇਰਾ ਰੱਸਾ ਕਰਮ ਨੂੰ ਫੜਾਤਾ... ਮੇਰੀਆਂ ਸਹੇਲੀਆਂ ਹੱਸਦੀਆਂ ਮਸ਼ਕਰੀਆਂ ਕਰਦੀਆਂ 'ਨੀ ਤੂੰ ਤਾਂ ਇੱਕ ਦੇ ਮਿਲਣ ਦਾ ਫ਼ਿਕਰ ਕਰਦੀ, ਤੈਨੂੰ ਤਾਂ ਦੋ ਦੋ ਮਿਲਗੇ। ਮੈਂ ਉਨ੍ਹਾਂ ਨਾਲ ਉੱਤੋਂ-ਉੱਤੋਂ ਤਾਂ ਹੱਸਦੀ... ਅੰਦਰਲਾ ਝੋਰਾ ਤੇ ਹੀਣਤਾ ਮੈਨੂੰ ਖਾਂਦੀ। ਅੱਜ ਓਹੀ ਝੋਰੇ ਤੇ ਹੀਣਤਾ ਦੀ ਮਾਰੀ ਟੁੱਟੀ ਪਈ ਆਂ...।*[4]

ਇਸ ਢੰਗ ਨਾਲ ਇਸ ਕਹਾਣੀ ਦੇ ਅੰਤ ਵਿੱਚ ਮੈਂ ਪਾਤਰ ਨਾ ਚਾਹੁੰਦੀ ਹੋਈ ਵੀ ਇੱਕ ਵਾਰ ਫਿਰ ਸਮਝੌਤਾ ਕਰਦੀ ਹੈ। ਇਸ ਕਹਾਣੀ-ਸੰਗ੍ਰਹਿ ਦੀਆਂ ਦੋ ਕਹਾਣੀਆਂ 'ਫਨੀਅਰ' ਅਤੇ 'ਸਪੋਲੀਏ' ਜਾਤ-ਪਾਤ ਦੇ ਵਿਤਕਰੇ ਨਾਲ ਸਬੰਧਿਤ ਕਹਾਣੀਆਂ ਹਨ। ਇਹ ਕਹਾਣੀਆਂ ਵਿਸ਼ੇ ਪੱਖੋਂ, ਪਾਤਰ ਸਿਰਜਣ ਪੱਖੋਂ, ਸ਼ੈਲੀ ਪੱਖੋਂ ਅਤੇ ਭਾਸ਼ਾ ਦੀ ਵਰਤੋਂ ਪੱਖੋਂ ਉੱਤਮ ਸਿੱਧ ਹੁੰਦੀਆਂ ਹਨ। ਕਹਾਣੀ 'ਸਪੋਲੀਏ' ਦੀ ਪੜ੍ਹਤ ਦਰਸਾਉਂਦੀ ਹੈ ਕਿ ਇਹ ਜਾਤ-ਪਾਤ ਸਬੰਧੀ ਵਿਤਕਰਾ ਅਸਲ ਵਿੱਚ ਉਸ ਆਰਥਿਕ ਵੱਖਰਤਾ ਕਾਰਨ ਹੋਂਦ ਵਿੱਚ ਆਉਂਦਾ ਹੈ ਜਿਸ ਦੇ ਚਲਦਿਆਂ ਸਮਾਜ ਦੀ ਵਰਗਵੰਡ ਕੀਤੀ ਗਈ ਹੈ। ਪੀੜ੍ਹੀ ਦਰ ਪੀੜ੍ਹੀ ਇਹ ਵੱਖਰਤਾ ਸਮਾਜ ਦੀ ਮਾਨਸਿਕਤਾ ਵਿੱਚ ਡੂੰਘੀ ਖੁੱਭ ਚੁੱਕੀ ਹੈ ਅਤੇ ਜਿਸ ਨੂੰ ਆਪਣੇ ਜ਼ਿਹਨ ਵਿੱਚੋਂ ਕੱਢ ਸੁੱਟਣਾ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ।

ਇਹ ਕਹਾਣੀ ਇੱਕ ਅਜਿਹੇ ਗ਼ਰੀਬ ਵਿਅਕਤੀ ਦੀ ਕਹਾਣੀ ਹੈ ਜਿਸ ਦਾ ਪੁੱਤਰ ਭਾਵੇਂ ਵੱਡੀ ਦੁਕਾਨ ਦਾ ਮਾਲਕ ਬਣ ਜਾਂਦਾ ਹੈ ਪਰ ਉਸ ਗ਼ਰੀਬ ਵਿਅਕਤੀ ਦੀ ਮਾਨਸਿਕਤਾ ਨੂੰ ਅਮੀਰ ਨਹੀਂ ਬਣਾ ਪਾਉਂਦਾ। ਇਸ ਕਹਾਣੀ ਦੇ ਬਿਰਤਾਂਤ ਵਿੱਚ ਕਹਾਣੀਕਾਰ ਉਪ ਬਿਰਤਾਂਤ ਪਿਛਲਝਾਤ ਤਕਨੀਕ ਨਾਲ਼ ਉਸ ਗ਼ਰੀਬ ਵਿਅਕਤੀ ਦੀ ਮਿਹਨਤ ਨੂੰ ਵੀ ਪਾਠਕ ਸਾਹਮਣੇ ਰੱਖਦਾ ਹੈ ਅਤੇ ਨਾਲ਼ ਹੀ ਉਸ ਦੇ ਉਸ ਸ਼ਰੀਕ ਦੀ ਬਾਤ ਸੁਣਾਉਂਦਾ ਹੈ ਜਿਸ ਨੂੰ ਉਸ ਨੇ ਸਪੋਲੀਆ ਕਿਹਾ ਹੈ ਅਤੇ ਜੋ ਆਰਥਿਕ ਮਦਦ ਕਰ ਉਸ ਦੇ ਪੁੱਤਰ ਨੂੰ ਉਸ ਦੇ ਹੀ ਵਿਰੁੱਧ ਕਰ ਦਿੰਦਾ ਹੈ। ਕਹਾਣੀ ਦੇ ਅੰਤ ਵਿੱਚ ਜਦ ਉਹ ਇਸ ਸਮਾਜ ਦੇ ਪੱਖਪਾਤੀ ਰਵੱਈਏ ਨੂੰ ਸਮਝਦਾ ਹੋਇਆ ਪੁੱਤ ਦੇ ਉੱਚੀ ਜਾਤ ਵਿੱਚ ਵਿਆਹ ਕਰਨ ਦੇ ਵਿਰੋਧ ਵਿੱਚ ਖੜਦਾ ਹੈ ਤਾਂ ਉਸ ਦਾ ਸ਼ਰੀਕ ਸਪੋਲੀਆ ਬਣ ਉਸ ਦੇ ਉਲਟ ਵਿਹਾਰ ਕਰਦਾ ਹੈ।

ਕਹਾਣੀ 'ਫਨੀਅਰ' ਤੋਂ ਹੀ ਇਸ ਕਹਾਣੀ ਦਾ ਸਿਰਲੇਖ ਲਿਆ ਗਿਆ ਹੈ। ਇਹ ਕਹਾਣੀ ਆਪਣੇ ਅੰਦਰ ਉਸ ਦਰਦ, ਉਸ ਸੰਤਾਪ ਰੂਪੀ ਫਨੀਅਰ ਨੂੰ ਲੁਕਾਈ ਬੈਠੀ ਹੈ ਜਿਸ ਦੇ ਡੰਗ ਦਾ ਕਾਰਨ ਜਾਤ-ਪਾਤ ਵਖਰੇਵਾਂ ਹੈ। ਇਸ ਕਹਾਣੀ ਵਿੱਚ ਕਹਾਣੀਕਾਰ ਨੇ ਉੱਚੀ ਜਾਤ ਦੇ ਲੋਕਾਂ ਦਾ ਗਰੂਰ ਤੇ ਨੀਵੀ ਜਾਤ ਦੇ ਲੋਕਾਂ ਦੀ ਮਜਬੂਰੀ ਨੂੰ ਕੇਂਦਰ ਵਿੱਚ ਰੱਖਿਆ ਹੈ। ਕਹਾਣੀਕਾਰ ਇੱਕ ਅਜਿਹੇ ਬੰਦੇ ਦੀ ਕਹਾਣੀ ਚਿਤਰਤ ਕਰਦਾ ਹੈ ਜੋ ਛੋਟੀ ਜਾਤ ਦਾ ਹੋ ਕਾਰਨ ਉਚੀ ਜਾਤ ਵਾਲਿਆਂ ਲਈ ਇਕ ਪੂਰੇ ਵਿਅਕਤਿਤਵ ਦੀ ਥਾਂ ਕੇਵਲ ਇਕ ਜ਼ਰੀਆ

ਹੀ ਸਾਬਤ ਹੁੰਦਾ ਹੈ। ਉੱਚੀ ਜਾਤ ਦੀ ਕੁੜੀ ਦੇ ਸੰਵਾਦ ਸਾਰਾ ਮਾਜਰਾ ਸਮਝਾ ਦਿੰਦੇ ਹਨ-

*ਮੁੰਡਾ ਕਨੇਡਾ ਦਾ ਪੀ.ਆਰ. ਐ। ਆਹ ਅਗਲੀ ਤੀਹ ਦੀ ਫਲਾਈਟ ਐ। ਜੇ ਕਿਤੇ ਆਪਣੀ ਕਾਸਟ ਇੱਕ ਹੁੰਦੀ। ਮੈਂ ਪਾਪਾ ਅੱਗੇ ਅੜ ਜਾਂਦੀ। ਅਮੀਰੀ-ਗ਼ਰੀਬੀ ਦੀ ਮੈਨੂੰ ਪਰਵਾਹ ਨੀਂ ਸੀ ਪਰ.... ਇਨਾ ਕਹਿ ਕੇ ਉਹ ਚੁੱਪ ਹੋਗੀ। ਮੇਰੇ ਸਿਰ 'ਤੇ ਐਸਾ ਪਰਮਾਣੂ ਬਣ ਡਿੱਗਿਆ ਸਾਰਾ ਸਰੀਰ ਹੀਰੋਸ਼ੀਮਾ ਹੋ ਗਿਆ।* [5]

ਇਸ ਕਹਾਣੀ ਦੇ ਅੰਤ ਵਿੱਚ ਮੈਂ-ਪਾਤਰ ਇਕ ਵਾਰ ਫਿਰ ਉੱਚੀ ਜਾਤ ਦੀ ਖ਼ੁਦਗ਼ਰਜ਼ੀ ਦਾ ਸ਼ਿਕਾਰ ਹੋ ਫਨੀਅਰ ਦਾ ਡੰਗਿਆ ਮਹਿਸੂਸ ਕਰਦਾ ਹੈ। ਕਹਾਣੀ ਦਾ ਸ਼ਿਲਪ ਵਿਧਾਨ ਹਮੇਸ਼ਾ ਇਸ ਗੱਲ ਦੀ ਮੰਗ ਕਰਦਾ ਹੈ ਕਿ ਕਥਾਨਕ ਵਿੱਚ ਸਾਹਿਤਕਤਾ, ਮੌਲਿਕਤਾ ਤੇ ਕਲਪਨਾ ਦਾ ਅੰਸ਼ ਸਹੀ ਅਨੁਪਾਤ ਵਿੱਚ ਹੋਵੇ। ਕਹਾਣੀਕਾਰ ਦੁਆਰਾ ਜੋ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਉਸ ਵਿੱਚ ਕਥਾ ਦੇ ਬਿਆਨ ਦੀ ਰਵਾਨਗੀ ਹੋਵੇ ਤੇ ਉਹ ਬਿਰਤਾਂਤ ਨੀਰਸ ਤੇ ਬੋਝਲ ਨਾ ਹੋਵੇ। ਇਸ ਕਹਾਣੀ-ਸੰਗ੍ਰਹਿ ਵਿੱਚ ਵੀ ਕਹਾਣੀਕਾਰ ਦੀ ਸਿਰਜਣਕਲਾ ਦੀ ਵਿਲੱਖਣਤਾ, ਉਸ ਦੀ ਸ਼ੈਲੀ ਦੀ ਸੁਭਾਵਕਤਾ ਤੇ ਸਰਲਤਾ ਦੇ ਦਰਸ਼ਨ ਪਾਠਕ ਨੂੰ ਸੁਤੇ ਸਿੱਧ ਹੀ ਹੋ ਜਾਂਦੇ ਹਨ। ਕਹਾਣੀਕਾਰ ਨੇ ਯਥਾਰਥਕ ਕਥਾਨਕ ਜੁਗਤਾਂ ਵਰਤ ਕੇ ਜਿਥੇ ਕਹਾਣੀ ਰਸ ਨੂੰ ਵਧਾਇਆ ਹੈ ਉਥੇ ਬਿਰਤਾਂਤ ਦੇ ਨਵੇਂ ਤਜਰਬਿਆਂ ਨਾਲ਼ ਪਲਾਟ ਦਾ ਸੁੰਦਰ ਬਿਰਤਾਂਤਕ ਢਾਂਚਾ ਸਾਹਮਣੇ ਲਿਆਂਦਾ ਹੈ। ਇਸ ਢਾਂਚੇ ਕਾਰਨ ਪਾਠਕੀ ਮਨ ਵਿੱਚ ਸਮਕਾਲੀ ਸਮਾਜਕ ਵਰਤਾਰਿਆਂ ਬਾਰੇ ਰਚਾਇਆ ਸੰਵਾਦ ਉਥਲ ਪੁਥਲ ਪੈਦਾ ਕਰਦਾ ਹੈ। ਅਗਲੇ ਪੜਾਅ 'ਤੇ ਉਸਦੀ ਵਿਲੱਖਣ ਸ਼ੈਲੀ ਦਾ ਅਧਿਐਨ ਕਰਦਿਆਂ ਉਸ ਦੀ ਸ਼ਖ਼ਸੀਅਤ ਦੇ ਵਿਲੱਖਣ ਪੱਖ ਵੀ ਉਘੜ ਕੇ ਸਾਹਮਣੇ ਆਉਂਦੇ ਹਨ। ਦੁਨੀਆਂ-ਸਮਾਜ ਨੂੰ ਵੇਖਣ ਦਾ ਉਸ ਦਾ ਨਜ਼ਰੀਆ ਇਹਨਾਂ ਕਹਾਣੀਆਂ ਵਿੱਚੋਂ ਉਸ ਦੁਆਰਾ ਸਿਰਜੇ ਕਥਾਨਕ ਅਤੇ ਉਸ ਦੀ ਸ਼ੈਲੀ ਵਿੱਚੋਂ ਝਲਕਦਾ ਹੈ। ਉਸ ਦੇ ਲੇਖਨ ਦੀ ਮੌਲਿਕਤਾ, ਸਾਹਿਤਕਤਾ ਅਤੇ ਕਾਲਪਨਿਕਤਾ ਉਸ ਦੇ ਨਜ਼ਰੀਏ, ਉਸ ਦੇ ਦ੍ਰਿਸ਼ਟੀਕੋਣ ਨੂੰ ਮਹੱਤਵਪੂਰਨ ਬਣਾਉਂਦਾ ਹੈ।

ਇਹਨਾਂ ਕਹਾਣੀਆਂ ਦੇ ਅਧਿਐਨ ਤੋਂ ਬਾਅਦ ਇਸ ਨਤੀਜੇ 'ਤੇ ਪਹੁੰਚਿਆ ਜਾ ਸਕਦਾ ਹੈ ਕਿ ਦਰਸ਼ਨ ਜੋਗਾ ਕੋਲ ਪੰਜਾਬੀ ਜਨ ਜੀਵਨ ਅਤੇ ਸੱਭਿਆਚਾਰ ਦਾ ਵਿਸ਼ਾਲ ਅਨੁਭਵ ਹੈ। ਇਹ ਸੰਗ੍ਰਹਿ ਵਿੱਚ ਉਹ ਹਰ ਕਹਾਣੀ ਦੇ ਵਿਸ਼ੇ ਅਨੁਸਾਰ ਆਪਣੀਆਂ ਮਨ ਭਾਉਂਦੀਆਂ ਸ਼ੈਲੀਆਂ ਨੂੰ ਵਰਤ ਕੇ ਇਸ ਸੰਗ੍ਰਹਿ ਨੂੰ ਵਿਲੱਖਣਤਾ ਤਾਂ ਪ੍ਰਦਾਨ ਕਰਦਾ ਹੀ ਹੈ ਸਗੋਂ ਲੋੜ ਅਨੁਸਾਰ ਮਨੋਬਚਨੀ, ਪ੍ਰਤੀਕਾਤਮਕ, ਪਿਛਲਝਾਤ ਆਦਿ ਸ਼ੈਲੀਆਂ ਵਰਤ ਕੇ ਉਹ ਆਪਣੇ ਇਸ ਕਹਾਣੀ-ਸੰਗ੍ਰਹਿ ਨਾਲ਼ ਆਪਣੇ ਸਥਾਪਤ ਮੁਕਾਮ ਤੋਂ ਅੱਗੇ ਵੱਧ ਮਾਨਵੀ ਜੀਵਨ ਵਿੱਚ ਫੈਲੇ ਤਣਾਅ, ਗੁੰਝਲਾਂ ਅਤੇ ਮਾਨਸਿਕ ਸੰਤਾਪ ਨੂੰ ਚਿਤਰਤ ਕਰਨ ਵਾਲਾ ਕਹਾਣੀਕਾਰ ਸਿੱਧ ਹੁੰਦਾ ਹੈ। ਉਸ ਦਾ ਇਹੀ ਗੁਣ ਇਹਨਾਂ ਕਹਾਣੀਆਂ ਨੂੰ ਇਕਹਿਰੇ ਬਿਰਤਾਂਤ ਵਾਲੀਆਂ ਨਹੀਂ ਰਹਿਣ ਦਿੰਦਾ ਸਗੋਂ ਬਹੁਪਰਤੀ ਸਿੱਧ ਕਰਦਾ ਹੈ। ਪਾਠਕ ਨੂੰ ਇਸ ਗੱਲ ਦਾ ਅਹਿਸਾਸ ਹਰ ਪੰਨਾ ਪਲਟਦਿਆਂ ਹੁੰਦਾ ਹੈ ਕਿ ਦਰਸ਼ਨ ਜੋਗਾ ਸਿਰਫ ਕਹਾਣੀ ਰਸ ਲਈ ਕਹਾਣੀ ਨਹੀਂ ਲਿਖਦਾ ਸਗੋਂ ਅਸਲ ਵਿੱਚ ਸਮਾਜ ਵਿੱਚ ਹੁੰਦੇ ਗ਼ਲਤ ਵਿਹਾਰਾਂ ਨਾਲ਼ ਜੁੜੇ ਸਰੋਕਾਰਾਂ ਅਤੇ ਮਨੁੱਖ ਦੇ ਗ਼ਲਤ ਆਚਰਨ ਸਬੰਧੀ ਟਕਰਾਵਾਂ ਨੂੰ ਕਹਾਣੀਆਂ ਦਾ ਵਿਸ਼ਾ ਬਣਾਉਂਦਾ ਹੈ। ਇਨ੍ਹਾਂ ਸਰੋਕਾਰਾਂ ਦੇ ਟਕਰਾਅ ਕਾਰਨ ਹੀ ਇਨ੍ਹਾਂ ਕਹਾਣੀਆਂ ਦੇ ਨਵੇਕਲੇ ਵਿਸ਼ੇ ਪਾਠਕਾਂ ਦੁਆਰਾ ਪ੍ਰਵਾਨ ਕੀਤੇ ਜਾਂਦੇ ਹਨ।

ਇਨ੍ਹਾਂ ਕਹਾਣੀਆਂ ਵਿੱਚ ਵਰਤੀ ਗਈ ਭਾਸ਼ਾ, ਸ਼ਬਦਾਂ ਦੀ ਵੰਨ ਸੁਵੰਨਤਾ ਤੇ ਰਵਾਨਗੀ ਕਹਾਣੀਆਂ ਨੂੰ ਹੋਰ ਦਿਲਚਸਪ ਬਣਾਉਂਦੀ ਹੈ। ਇਕ ਖਾਸ ਖਿੱਤੇ ਦੇ ਮਸਲਿਆਂ ਨਾਲ਼ ਸਬੰਧਤ ਹੋਣ ਕਾਰਨ ਉਸ ਦੀਆਂ ਕਹਾਣੀਆਂ ਵਿੱਚ ਤੁੰਖ਼ਮ ਉਡਾਦੂੰ, ਆਥਣ ਤਾਈਂ, ਬਹਿਬਤਾਂ, ਅੰਦਰ ਬਾਹਰ ਮੱਥਣ ਲਾਤਾ, ਮੇਰੇ ਬੰਨੀਂ ਝਾਕ, ਬੱਗਜੂ, ਬਾਰ ਖੜਕਦੈ, ਬਰੇਤੀ, ਕੱਕਾ ਰੇਤਾ, ਤੁੰਮਣੀ ਵਰਦੇ ਕਈ ਹੋਰ ਸ਼ੁੱਧ ਮਲਵਈ ਦੇ ਸ਼ਬਦ ਵਰਤੇ ਗਏ ਹਨ। ਇਹਨਾਂ ਕਹਾਣੀਆਂ ਵਿੱਚ ਵਰਤੇ ਕਈ ਅਲਫ਼ਾਜ਼ ਉਸਦੇ ਉਪਰਾਲੇ ਕਾਰਨ ਸੰਭਾਲੇ ਗਏ ਹਨ ਕਿਉਂਕਿ ਹੁਣ ਇਹ ਆਮ ਬੋਲਚਾਲ ਦੀ ਭਾਸ਼ਾ ਵਿੱਚ ਨਹੀਂ ਵਰਤੇ ਜਾਂਦੇ। ਇਸ ਢੰਗ ਨਾਲ਼ ਦਰਸ਼ਨ ਜੋਗਾ ਨੇ ਇਸ ਕਹਾਣੀ-ਸੰਗ੍ਰਹਿ ਨਾਲ਼ ਕਹਾਣੀ ਸਾਹਿਤ ਦੇ ਖੇਤਰ ਵਿੱਚ ਆਪਣੀ ਵਿਲੱਖਣ ਸਥਾਪਤ ਮੁਕਾਮ ਨੂੰ ਹੋਰ ਉੱਚਾ ਕੀਤਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਡਾ. ਸਤਿੰਦਰ ਸਿੰਘ, 1986, ਵਿਹਾਰਕ ਸਮੀਖਿਆ, ਕਵਿਤਾ ਅਤੇ ਵਾਰਤਕ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ: 249*
2. *ਜੋਗਾ ਦਰਸ਼ਨ, 2024, ਫਨੀਅਰ (ਕਹਾਣੀ-ਸੰਗ੍ਰਹਿ), ਚੇਤਨਾ ਪ੍ਰਕਾਸ਼ਨ, ਪੰਨਾ: 38*

3. ਉਹੀ, ਪੰਨਾ: 9

4. ਉਹੀ, ਪੰਨਾ: 83

5. ਉਹੀ, ਪੰਨਾ: 46

***Cite this Article-***

*ਡਾ. ਸੰਦੀਪ ਰਾਣਾ (Dr. Sandeep Rana), ਦਰਸ਼ਨ ਜੋਗਾ ਦੀ ਕਥਾ ਵਿਲੱਖਣਤਾ: ਆਰਥਕਤਾ ਬਨਾਮ ਮਾਨਸਿਕ ਤਣਾਅ (ਫਨੀਅਰ ਦੇ ਪ੍ਰਸੰਗ ਵਿੱਚ) { DARSHAN JOGA DI KATHA VILAKHANTA: ARTHIKTA BNAM MANSIK TNAA (FANIYAR DE PRASANG WICH)}, ਅਰਮਾਨ (ARMAAN), ISSN: 2583-9446, Volume 3, Issue 2, April-June 2025, Page: 16-21.*

***Journal URL:*** *www.armaan.org.in*

***DOI:*** *https://doi.org/10.64119/armaan.vol.3.issue2.04*

*This article is an open access article distributed under the terms and conditions of the Creative Commons Attribution (CC BY) license (https://creativecommons.org/licenses/by/4.0/ ).*